# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**13:40**

**ਮਿਤੀ : 08-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਦੇ ਯਸ਼ੋਭੂਮੀ ਵਿੱਚ ਇੰਡੀਆ ਮੋਬਾਈਲ ਕਾਂਗਰਸ ਦੇ ਦਸਵੇਂ ਐਡੀਸ਼ਨ ਦਾ ਉਦਘਾਟਨ ਕੀਤਾ।
- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ, ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਹੋ ਰਹੀ GST ਕੌਂਸਲ ਦੀ 57ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਨੇ.
- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਏ ਕਿ ਭਾਰਤ ਅਤੇ ਘਾਨਾ ਨੂੰ ਆਲਮੀ ਦਖਣ ਦੀਆਂ ਸੁਤੰਤਰ ਆਵਾਜ਼ਾਂ ਅਤੇ ਭਾਈਵਾਲਾਂ ਵਜੋਂ ਇਕੱਠੇ ਕੰਮ ਕਰਨਾ ਚਾਹੀਦਾ ਏ ।
- ਦੇਸ਼ ਅੱਜ 94 ਵੇਂ ਵ ਹਵਾਈ ਫੌਜ ਦਿਵਸ ਮਨਾ ਰਿਹਾ ਏ.

- ਭਾਰਤ ਨੇ ਦਹਿਸ਼ਤਗਰਦੀ  ਦੇ ਮੁੱਦੇ 'ਤੇ ਪਾਕਿਸਤਾਨ 'ਤੇ ਦੋਹਰੇ ਮਾਪਦੰਡਾਂ ਦਾ ਇਲ੍ਜ਼ਾਮ ਲਾਇਆ ਏ.

------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਦੇ ਯਸ਼ੋਭੂਮੀ ਵਿੱਚ ਇੰਡੀਆ ਮੋਬਾਈਲ ਕਾਂਗਰਸ ਦੇ ਦਸਵੇਂ ਐਡੀਸ਼ਨ ਦਾ ਉਦਘਾਟਨ ਕੀਤਾ। ਇਹ ਦੂਰਸੰਚਾਰ, ਡਿਜੀਟਲ ਕਨੈਕਟੀਵਿਟੀ ਅਤੇ ਤਕਨੀਕੀ ਨਵੀਨਤਾ ਵਿੱਚ ਭਾਰਤ ਦੀ ਸ਼ਾਨਦਾਰ ਪ੍ਰਗਤੀ ਦਾ ਵਿਖਾਲਾ ਕਰ ਰਿਹਾ ਏ. ਚਾਰ ਦਿਨਾਂ ਕਾਨਫਰੰਸ ਕੱਲ੍ਹ ਸ਼ੁਰੂ ਹੋਈ। ਇਸ ਸਾਲ ਦਾ ਵਿਸ਼ਾ "ਸੀਮਾਵਾਂ ਤੋਂ ਅੱਗੇ ਪਸਾਰ  ਏ । ਇਸ ਮੌਕੇ ਬੋਲਦਿਆਂ, ਪ੍ਰਧਾਨ ਮੰਤਰੀ ਨੇ ਕਿਹਾ ਕਿ ਇੰਡੀਆ ਮੋਬਾਈਲ ਕਾਂਗਰਸ ਮੰਚ ਨੇ ਭਾਰਤ ਵਿੱਚ ਦੂਰਸੰਚਾਰ ਖੇਤਰ ਅਤੇ ਡਿਜੀਟਲ ਕਨੈਕਟੀਵਿਟੀ ਦੇ ਵਿਕਾਸ ਨੂੰ ਦੇਖਿਆ ਏ । ਉਨ੍ਹਾਂ ਕਿਹਾ ਕਿ ਪਲੇਟਫਾਰਮ ਨੇ ਦੂਰਸੰਚਾਰ ਖੇਤਰ ਵਿੱਚ ਭਾਰਤ ਦੀ ਤਰੱਕੀ ਵਿੱਚ ਮੁੱਖ ਭੂਮਿਕਾ ਨਿਭਾਈ ਏ - byte - PM—IMC-22 sec

ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ 5G ਕਨੈਕਟੀਵਿਟੀ ਦੇਸ਼ ਦੇ ਹਰ ਜ਼ਿਲ੍ਹੇ ਤੱਕ ਪਹੁੰਚ ਗਈ ਏ। ਸ਼੍ਰੀ ਮੋਦੀ ਨੇ ਕਿਹਾ ਕਿ ਭਾਰਤ ਵਿੱਚ ਅੱਜ 5G ਕਨੈਕਟੀਵਿਟੀ ਲਈ 5 ਲਖ 50 ਹਜ਼ਾਰ ਤੋਂ ਵੱਧ ਬੇਸ ਸਟੇਸ਼ਨ ਨੇ. ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਡਿਜੀਟਲ ਕਨੈਕਟੀਵਿਟੀ ਨੇ ਲੋਕਾਂ ਨੂੰ ਸਿੱਖਿਆ, ਸਿਹਤ ਅਤੇ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਹਾਇਤਾ ਕੀਤੀ ਏ। ਉਨ੍ਹਾਂ ਕਿਹਾ ਕਿ ਅੱਜ ਦੂਰ-ਦੁਰਾਡੇ ਦੇ ਪਿੰਡਾਂ ਅਤੇ ਗਰੀਬ ਪਰਿਵਾਰਾਂ ਦਾ ਹਰ ਬੱਚਾ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਕਰ ਸਕਦਾ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਰਕਾਰ ਕਰੀਬ 25 ਕਰੋੜ ਵਿਦਿਆਰਥੀਆਂ ਨੂੰ ਵੱਖ-ਵੱਖ ਡਿਜੀਟਲ ਅਤੇ ਔਨਲਾਈਨ ਸਿੱਖਿਆ ਪਲੇਟਫਾਰਮਾਂ ਨਾਲ ਜੋੜਨ ਲਈ ਯਤਨਸ਼ੀਲ ਏ। ਕੇਂਦਰੀ ਸੰਚਾਰ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਨੇ ਕਿਹਾ ਕਿ ਤਕਨਾਲੋਜੀ ਦਾ ਵਿਆਪਕ ਪ੍ਰਸਾਰ ਤਾਂ ਹੀ ਹੋ ਸਕਦਾ ਏ ਜਦੋਂ ਇਹ ਕਿਫਾਇਤੀ ਅਤੇ ਸਮਾਵੇਸ਼ੀ ਹੋਵੇ। ਇਸ ਸਮਾਗਮ ਵਿੱਚ 100 ਤੋਂ ਵੱਧ ਦੇਸ਼ਾਂ ਦੇ ਡੇਢ ਲਖ ਤੋਂ ਵੱਧ ਹਿੱਸਾ ਲੈਣ ਵਾਲੇ, 500 ਤੋਂ

ਵੱਧ ਭਾਈਵਾਲ ਅਤੇ ਨੁਮਾਇਸ਼ ਕਾਰ ਅਤੇ 600 ਸਟਾਰਟਅੱਪ ਹਿੱਸਾ ਲੈ ਰਹੇ ਨੇ.

---

ਵਸਤਾਂ ਅਤੇ ਸੇਵਾਵਾਂ ਬਾਰੇ ਟੈਕਸ (GST) ਕੌਂਸਲ ਦੀ 57ਵੀਂ ਮੀਟਿੰਗ ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਹੋ ਰਹੀ ਏ। ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਇਸ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਨੇ. ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਕਰਨਾਟਕ ਦੇ ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਖਜ਼ਾਨਾ ਮੰਤਰੀ ਹਿੱਸਾ ਲੈ ਰਹੇ ਨੇ. ਮੀਟਿੰਗ ਵਿੱਚ ਜੀਐਸਟੀ ਵਿਵਾਦਾਂ ਨੂੰ ਹੱਲ ਕਰਨ ਅਤੇ ਇਨਪੁੱਟ ਟੈਕਸ ਕ੍ਰੈਡਿਟ ਦੇ ਪ੍ਰਵਾਹ ਨੂੰ ਬਿਹਤਰ ਬਣਾਉਣ ਲਈ ਨੀਤੀਗਤ ਸੁਧਾਰਾਂ 'ਤੇ ਚਰਚਾ ਕੀਤੀ ਜਾਵੇਗੀ। ਇਸਦਾ ਉਦੇਸ਼, ਪਾਲਣਾ ਸਮਾਂ ਅਤੇ ਲਾਗਤਾਂ ਨੂੰ ਘਟਾਉਣਾ ਏ। ਖਜ਼ਾਨਾ ਮੰਤਰਾਲੇ ਦੇ ਹਲਕਿਆਂ ਮੁਤਾਬਿਕ, ਸਰਕਾਰ ਜੀਐਸਟੀ ਪ੍ਰਣਾਲੀ ਵਿੱਚ ਸੁਧਾਰਾਂ ਦੇ ਅਗਲੇ

ਪੜਾਅ ਲਈ ਪੰਜ-ਨੁਕਾਤੀ ਯੋਜਨਾ ਦੀ ਤਜਵੀਜ਼ ਦੇਵੇਗੀ। ਇਨ੍ਹਾਂ ਸੁਧਾਰਾਂ ਦਾ ਉਦੇਸ਼ ਜੀਐਸਟੀ ਪ੍ਰਣਾਲੀ ਵਿੱਚ ਮੌਜੂਦਾ ਪ੍ਰਸ਼ਾਸਕੀ ਰੁਕਾਵਟਾਂ ਨੂੰ ਸਰਲ ਬਣਾਉਣਾ ਅਤੇ ਪਾਲਣਾ ਬੋਝ ਨੂੰ ਘਟਾਉਣਾ ਏ, ਖਾਸ ਕਰਕੇ ਛੋਟੇ ਕਾਰੋਬਾਰਾਂ ਲਈ।

------------------------------------------------------------------------

ਦਿੱਗਜ ਅਦਾਕਾਰ ਨਾਨਾ ਪਾਟੇਕਰ ਦਾ ਅੱਜ ਸ਼ਾਮ 4 ਵਜੇ ਪੁਣੇ ਦੇ ਨੇੜੇ ਡੌਂਜੇ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਮਹਾਰਾਸ਼ਟਰ ਸਰਕਾਰ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ, ਸਰਕਾਰੀ ਸਨਮਾਨ ਨਾਲ ਕਰਨ ਦਾ ਫੈਸਲਾ ਕੀਤਾ ਏ । ਨਾਨਾ ਪਾਟੇਕਰ ਦਾ ਦੌਂਜੇ ਸਥਿਤ ਉਨ੍ਹਾਂ ਦੇ ਫਾਰਮ ਹਾਊਸ ਨਾਲ ਡੂੰਘਾ ਸਬੰਧ ਸੀ, ਜਿੱਥੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਕੀਤੀਆਂ ਜਾਣਗੀਆਂ। ਆਪਣੀ ਦਮਦਾਰ ਸਕ੍ਰੀਨ ਮੌਜੂਦਗੀ ਲਈ ਜਾਣੇ ਜਾਂਦੇ ਪਾਟੇਕਰ ਦਾ ਅੱਜ ਸਵੇਰੇ ਗੋਆ ਸਥਿਤ ਆਪਣੇ ਘਰ 'ਤੇ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ 75 ਸਾਲ ਦੇ ਸਨ। ਅਚਾਨਕ ਉਨ੍ਹਾਂ ਦੀ ਸਿਹਤ ਵਿਗੜਨ ਅਤੇ ਬੇਹੋਸ਼ ਪਾਏ ਜਾਣ ਤੋਂ ਬਾਅਦ, ਉਨ੍ਹਾਂ ਨੂੰ ਤੁਰੰਤ ਮਨੀਪਾਲ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ

ਕਰੀਬ 45 ਮਿੰਟਾਂ ਤੱਕ ਸੀਪੀਆਰ ਨਾਲ ਉਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਉਨ੍ਹਾਂ ਨੂੰ ਸਵੇਰੇ 5 ਵਜ ਕੇ 20 ਮਿੰਟ ‘ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਰਾਸ਼ਟਰ ਪਤੀ, ਉਪ ਰਾਸ਼ਟਰਪਤੀ, ਅਤੇ ਪ੍ਰਧਾਨ ਮੰਤਰੀ ਨੇ ਨਾਨਾ ਪਾਟੇਕਰ ਦੇ ਦੇਹਾਂਤ ‘ਤੇ ਦੁਖ ਜ਼ਾਹਿਰ ਕੀਤਾ ਏ.

-------------------------------------------------------------------

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਏ ਕਿ ਭਾਰਤ ਅਤੇ ਘਾਨਾ ਲੰਮੇ ਸਮੇਂ ਤੋਂ ਸਹਿਯੋਗੀ ਨੇ. ਆਲਮੀ ਦਖਣ ਦੇ ਮੁੱਖ ਦੇਸ਼ਾਂ ਦੇ ਰੂਪ ਵਿੱਚ, ਦੋਵੇਂ ਦੇਸ਼ ਸਿਹਤ, ਖੇਤੀਬਾੜੀ, ਫਾਰਮਾਸਿਊਟੀਕਲ, ਖਾਣਾ ਦੀ ਖੁਦਾਈ, ਰੱਖਿਆ, ਰੇਲਵੇ ਅਤੇ ਡਿਜੀਟਲ ਤਕਨਾਲੋਜੀ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਕੰਮ ਕਰ ਰਹੇ ਨੇ. ਡਾ. ਜੈਸ਼ੰਕਰ ਨੇ, ਜੋ ਤਿੰਨ ਦੇਸ਼ਾਂ ਦੇ ਅਫਰੀਕਾ ਦੌਰੇ 'ਤੇ, ਨੇ ਕਿਹਾ ਕਿ ਇੱਕ ਬਹੁ-ਧਰੁਵੀ ਦੁਨੀਆ ਵਿੱਚ, ਭਾਰਤ ਅਤੇ ਘਾਨਾ ਨੂੰ ਆਲਮੀ ਦਖਣ ਦੀਆਂ ਸੁਤੰਤਰ ਆਵਾਜ਼ਾਂ ਅਤੇ ਭਾਈਵਾਲਾਂ ਵਜੋਂ ਇਕੱਠੇ ਕੰਮ ਕਰਨਾ ਚਾਹੀਦਾ ਏ । ਦੋਵਾਂ ਦੇਸ਼ਾਂ ਨੇ ਖੇਤੀਬਾੜੀ ਖੋਜ ਅਤੇ

ਸਿੱਖਿਆ, ਜੈਵ ਭਿੰਨਤਾ, ਵਿਗਿਆਨਕ ਖੋਜ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ ਵਿੱਚ ਸਮਝੌਤਿਆਂ 'ਤੇ ਦਸਤਖਤ ਕੀਤੇ।

-----------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਨਤਕ ਸੇਵਾ ਵਿੱਚ 25 ਸਾਲ ਪੂਰੇ ਕਰ ਲਏ ਨੇ. ਇਹ ਯਾਤਰਾ, ਜਨ ਸੇਵਾ ਸੇ ਦੇਸ਼ ਸੇਵਾ ਦੇ ਮੰਤਰ ਰਾਹੀਂ ਪਰਿਭਾਸ਼ਿਤ ਏ, ਅਤੇ ਇੱਕ ਅਣਥੱਕ ਵਚਨਬੱਧਤਾ ਏ ਜੋ ਜਾਰੀ ਏ। ਸੇਵਾ ਅਤੇ ਸੁਸ਼ਾਸਨ ਲਈ ਇਸ ਦ੍ਰਿਸ਼ਟੀਕੋਣ ਤੋਂ ਸੇਧ ਲੈਂਦਿਆਂ, ਸਰਕਾਰ 2047 ਤੱਕ ਵਿਕਸਿਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਨਿਰੰਤਰ ਕੰਮ ਕਰ ਰਹੀ ਏ। ਸਮਾਵੇਸ਼ੀ ਵਿਕਾਸ ਅਤੇ ਸਮਾਜਿਕ ਸ਼ਕਤੀਕਰਨ ਰਾਹੀਂ, ਇਹ ਸਮਰਪਣ ਜੀਵਨ ਨੂੰ ਬਦਲ ਰਿਹਾ ਏ। ਅੱਜ, ਸਾਡੀ ਵਿਸ਼ੇਸ਼ ਲੜੀ ਵਿੱਚ, ਅਸੀਂ ਤੁਹਾਡੇ ਲਈ ਇੱਕ ਮਿਸਾਲ ਲੈ ਕੇ ਆਏ ਹਾਂ ਕਿ ਕਿਵੇਂ ਇਸ ਦ੍ਰਿਸ਼ਟੀਕੋਣ ਨੂੰ ਇਤਿਹਾਸਕ ਜਲ੍ਹਿਆਂਵਾਲਾ ਬਾਗ ਯਾਦਗਾਰ ਦੇ ਮੁੜ੍ਹ ਵਿਕਾਸ ਰਾਹੀਂ ਅਮਲ ਵਿੱਚ ਲਿਆਂਦਾ ਗਿਆ ਏ. ਇੱਕ ਰਿਪੋਰਟ- v / c –

*ਜਲ੍ਹਿਆਂਵਾਲਾ ਬਾਗ ਦਾ ਨਾਂ ਆਉਂਦਿਆਂ ਹੀ, 1919 ਵਿੱਚ ਅੰਮ੍ਰਿਤਸਰ ਵਿੱਚ ਬਰਤਾਨਵੀ ਹਕੂਮਤ ਵਲੋਂ ਕੀਤੀ ਗਈ ਬੇਰਹਿਮੀ ਦੀਆਂ ਦਰਦਨਾਕ ਯਾਦਾਂ ਸਾਨੂੰ*

13 ਅਪ੍ਰੈਲ ਦੀ ਵਿਸਾਖੀ ਵਾਲੇ ਦਿਨ ਵਲ ਲੈ ਜਾਂਦੀਆਂ ਨੇ ਜਦੋਂ ਬ੍ਰਿਗੇਡੀਅਰ-ਜਨਰਲ ਰੇਜੀਨਾਲਡ ਡਾਇਰ ਦੀ ਅਗਵਾਈ ਵਿੱਚ ਉਸਦੀਆਂ ਫੌਜੀ ਟੁਕੜਿਆਂ ਨੇ ਸੈਂਕੜੇ ਬੇ – ਕਸੂਰ ਲੋਕਾਂ ਨੂੰ ਅੰਨੇਵਾਹ ਗੋਲੀਆਂ ਚਲਾ ਕੇ ਮਾਰ ਦਿੱਤਾ ਸੀ। ਇਹ ਲੋਕ ਰੋਲਟ ਐਕਟ ਦਾ ਸ਼ਾਂਤੀਪੂਰਨ ਵਿਰੋਧ ਕਰਨ ਲਈ ਇਕੱਠੇ ਹੋਏ ਸਨ। ਉਸ ਸਮੇਂ ਦੇ ਸ਼ਹੀਦਾਂ ਦੀ ਯਾਦ ਵਿੱਚ ਬਣਾਈ ਗਈ ਜਲ੍ਹਿਆਂਵਾਲਾ ਬਾਗ ਯਾਦਗਾਰ, ਦੀ ਦਹਾਕਿਆਂ ਬਾਅਦ ਮੁਰੰਮਤ ਕੀਤੀ ਗਈ ਅਤੇ 28 ਅਗਸਤ 2021 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਇਸਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ  ਜਲ੍ਹਿਆਂਵਾਲਾ ਬਾਗ ਕੰਪਲੈਕਸ ਵਿੱਚ ਕਈ ਵਿਕਾਸ ਪਹਿਲਕਦਮੀਆਂ ਕੀਤੀਆਂ ਗਈਆਂ । ਪੰਜਾਬ ਦੀ ਸਥਾਨਕ ਭਵਨ ਨਿਰਮਾਣ ਸ਼ੈਲੀ ਮੁਤਾਬਿਕ ਵਿਰਾਸਤੀ ਬਹਾਲੀ ਦੇ ਕੰਮ ਬਾਰੀਕੀ ਨਾਲ ਕੀਤੇ ਗਏ. ਉਸ ਸਮੇਂ ਦੌਰਾਨ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਦੀ ਇਤਿਹਾਸਕ ਅਹਿਮੀਅਤ ਨੂੰ ਦਰਸਾਉਂਦੀਆਂ ਚਾਰ ਅਜਾਇਬ ਘਰ ਗੈਲਰੀਆਂ ਬਣਾਈਆਂ ਗਈਆਂ. ਵਿਸਾਖੀ ਵਾਲੇ ਉਸ ਦਿਨ ਵਾਪਰੀਆਂ ਘਟਨਾਵਾਂ ਨੂੰ ਦਰਸਾਉਣ ਵਾਲਾ ਇੱਕ ਸਾਊਂਡ ਐਂਡ ਲਾਈਟ ਸ਼ੋਅ ਸ਼ੁਰੂ ਹੋਇਆ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਇਸ ਯਾਦਗਾਰ ਵਿਖੇ ਆਉਣ ਵਾਲੇ ਲੋਕਾਂ ਨੇ ਇਸਦੇ ਮੁੜ੍ਹ ਵਿਕਾਸ ਦੇ ਕੰਮਾਂ ਦੀ ਸ਼ਲਾਘਾ ਕੀਤੀ।:BYTES:

ਜਲ੍ਹਿਆਂਵਾਲਾ ਬਾਗ ਯਾਦਗਾਰ ਨੂੰ ਆਜ਼ਾਦੀ ਦੀ ਲੜਾਈ ਦੌਰਾਨ ਭਾਰਤੀਆਂ ਵਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੇ ਪ੍ਰਤੀਕ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ। <><>

*ਰਾਜੇਸ਼ ਬਾਲੀ/ਆਕਾਸ਼ਵਾਣੀ ਖਬਰਾਂ/ਜਲੰਧਰ*

-----------------------------------------------------------------

ਦੇਸ਼ ਅੱਜ ਭਾਰਤੀ ਹਵਾਈ ਫੌਜ ਦੀ 94 ਵੇਵੀਂ ਵਰ੍ਹੇਗੰਢ ਮਨਾ ਰਿਹਾ ਏ । ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਨੇ ਅੱਜ ਹਵਾਈ ਫੌਜ ਦੀਆਂ ਵਧਦੀਆਂ ਸਮਰੱਥਾਵਾਂ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਇਸਦੀ ਅਸਲ ਤਾਕਤ ਨਾ ਸਿਰਫ਼ ਅਤਿ – ਆਧੁਨਿਕ ਉਪਕਰਣਾਂ ਅਤੇ ਤਕਨਾਲੋਜੀ ਵਿੱਚ, ਸਗੋਂ ਇਸਦੇ ਯੋਧਿਆਂ ਵਿੱਚ ਵੀ ਏ । ਗਾਜ਼ੀਆਬਾਦ ਦੇ ਹਿੰਡਨ ਏਅਰ ਬੇਸ ਵਿਖੇ ਹੋਏ ਭਾਰਤੀ ਹਵਾਈ ਫੌਜ ਦਿਵਸ ਸਮਾਰੋਹ ਨੂੰ ਸੰਬੋਧਨ ਕਰਦਿਆਂ, ਸ੍ਰੀ ਸਿੰਘ ਨੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਵਿੱਚ ਹਵਾਈ ਸ਼ਕਤੀ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਹਵਾਈ ਫੌਜ ਹਮੇਸ਼ਾ ਸੁਚੇਤ, ਵਚਨਬੱਧ ਅਤੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਰਹਿੰਦੀ ਏ. ਹਵਾਈ ਫੌਜ ਦਿਵਸ ਨੂੰ ਮਨਾਉਣ ਲਈ ਹਿੰਡਨ ਏਅਰ ਬੇਸ 'ਤੇ ਇੱਕ ਸ਼ਾਨਦਾਰ ਪਰੇਡ ਨਾਲ ਹਵਾਈ ਫੌਜ ਨੇ ਆਪਣੀ ਬਹਾਦਰੀ ਦਾ ਵਿਖਾਲਾ ਕੀਤਾ। ਪਰੇਡ ਦੌਰਾਨ, ਹਵਾਈ ਫੌਜ ਮੁਖੀ ਨੇ ਪਰੇਡ ਦਾ ਨਿਰੀਖਣ

ਕੀਤਾ। ਇਸ ਸਾਲ ਦੇ ਜਸ਼ਨਾਂ ਦੇ ਹਿੱਸੇ ਵਜੋਂ, ਮੁੱਖ ਏਅਰ ਸ਼ੋਅ ਵਾਰਾਣਸੀ ਵਿੱਚ ਹੋਏਗਾ ਜਿੱਥੇ ਹਵਾਈ ਫੌਜ ਦੇ ਪਾਇਲਟ ਸ਼ਹਿਰ ਉੱਤੇ ਸ਼ਾਨਦਾਰ ਹਵਾਈ ਕਰਤਬਾਂ ਰਾਹੀਂ ਦੇਸ਼ ਦੀ ਹਵਾਈ ਸ਼ਕਤੀ ਦਾ ਵਿਖਾਲਾ ਕਰਨਗੇ। ਇਸ ਮੌਕੇ 'ਤੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਰੇ ਹਵਾਈ ਯੋਧਿਆਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਨੇ.

------------------------------------------------------------------

ਭਾਰਤ ਨੇ ਦਹਿਸ਼ਤਗਰਦੀ  ਦੇ ਮੁੱਦੇ 'ਤੇ ਪਾਕਿਸਤਾਨ 'ਤੇ ਦੋਹਰੇ ਮਾਪਦੰਡਾਂ ਦਾ ਇਲ੍ਜ਼ਾਮ ਲਾਇਆ ਏ. ਭਾਰਤ ਨੇ ਕਿਹਾ ਕਿ ਪਾਕਿਸਤਾਨ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ 'ਤੇ ਈਨਾਮ ਦਾ ਐਲਾਨ ਕਰਕੇ ਦਹਿਸ਼ਤਗਰਦ ਸਮੂਹਾਂ ਲਈ ਆਪਣੀ ਹਮਾਇਤ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਿਹਾ ਏ । ਭਾਰਤ ਨੇ ਕਿਹਾ ਕਿ ਦੁਨੀਆ 9/11, 26/11 ਅਤੇ ਪਹਿਲਗਾਮ ਦਹਿਸ਼ਤ ਹਮਲਿਆਂ ਨੂੰ ਭੁੱਲੀ ਨਹੀਂ ਏ । ਸੰਯੁਕਤ ਰਾਸ਼ਟਰ

ਮਹਾਸਭਾ ਵਿੱਚ ਭਾਰਤ ਦੇ ਪਹਿਲੇ ਸਕੱਤਰ, ਰਘੂ ਪੁਰੀ ਨੇ ਕਿਹਾ ਕਿ ਦਹਿਸ਼ਤਗਰਦੀ ਨੂੰ ਸਿਰਫ਼ ਐਲਾਨਾਂ ਨਾਲ ਖਤਮ ਨਹੀਂ ਕੀਤਾ ਜਾ ਸਕਦਾ। ਸ਼੍ਰੀ ਪੁਰੀ ਨੇ ਦਹਿਸ਼ਤਗਰਦਾਂ, ਉਨ੍ਹਾਂ ਲਈ ਰਕਮਾਂ ਜੁਟਾਉਣ ਵਾਲਿਆਂ ਅਤੇ ਓਹਨਾਂ ਦੇ ਹਮਾਇਤੀਆਂ ਵਿਰੁੱਧ ਕਾਰਵਾਈ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮਸੂਦ ਅਜ਼ਹਰ ਦੇ ਅਫਗਾਨਿਸਤਾਨ ‘ਚ ਲੁਕੇ ਹੋਣ ਦੇ ਪਾਕਿਸਤਾਨ ਦੇ ਦਾਅਵੇ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਤਾਲਿਬਾਨ ਸਰਕਾਰ ਨੇ ਇਸ ਦਾਆਵੇ ਨੂੰ ਖਾਰਿਜ ਕਰ ਦਿੱਤਾ ਏ. ਉਨ੍ਹਾਂ ਨੇ ਮਸੂਦ ਅਜ਼ਹਰ ਬਾਰੇ ਜਾਣਕਾਰੀ ਲਈ 70 ਲੱਖ ਰੁਪਏ ਦੇ ਈਨਾਮ ਦੇ ਨਵੇਂ ਐਲਾਨ ਨੂੰ ਵੀ ਇੱਕ ਧੋਖਾ ਦੱਸਿਆ। ਵੱਡੇ ਦਹਿਸ਼ਤਗਰਦ ਹਮਲਿਆਂ ਦਾ ਹਵਾਲਾ ਦਿੰਦੇ ਹੋਏ, ਸ਼੍ਰੀ ਪੁਰੀ ਨੇ ਕਿਹਾ ਕਿ ਦਹਿਸ਼ਤਗਰਦਾਂ ਨੂੰ ਸੁਰੱਖਿਅਤ ਪਨਾਹਗਾਹਾਂ ਪ੍ਰਦਾਨ ਕਰਨਾ ਦਹਿਸ਼ਤਗਰਦੀ ਵਿਰੁੱਧ ਅੰਤਰਰਾਸ਼ਟਰੀ ਕੋਸ਼ਿਸ਼ਾਂ ਨੂੰ ਕਮਜ਼ੋਰ ਕਰਦਾ ਏ।

---------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਦੇ ਯਸ਼ੋਭੂਮੀ ਵਿੱਚ ਇੰਡੀਆ ਮੋਬਾਈਲ ਕਾਂਗਰਸ ਦੇ ਦਸਵੇਂ ਐਡੀਸ਼ਨ ਦਾ ਉਦਘਾਟਨ ਕੀਤਾ।
- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ, ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਹੋ ਰਹੀ GST ਕੌਂਸਲ ਦੀ 57ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਨੇ.
- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਏ ਕਿ ਭਾਰਤ ਅਤੇ ਘਾਨਾ ਨੂੰ ਆਲਮੀ ਦਖਣ ਦੀਆਂ ਸੁਤੰਤਰ ਆਵਾਜ਼ਾਂ ਅਤੇ ਭਾਈਵਾਲਾਂ ਵਜੋਂ ਇਕੱਠੇ ਕੰਮ ਕਰਨਾ ਚਾਹੀਦਾ ਏ ।
- ਦੇਸ਼ ਅੱਜ 94 ਵੇਂ ਵ ਹਵਾਈ ਫੌਜ ਦਿਵਸ ਮਨਾ ਰਿਹਾ ਏ.
- ਭਾਰਤ ਨੇ ਦਹਿਸ਼ਤਗਰਦੀ  ਦੇ ਮੁੱਦੇ 'ਤੇ ਪਾਕਿਸਤਾਨ 'ਤੇ ਦੋਹਰੇ ਮਾਪਦੰਡਾਂ ਦਾ ਇਲ੍ਜ਼ਾਮ ਲਾਇਆ ਏ.

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ**

**ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ**

ਸ਼ਾਮ 6 ਵਜ ਕੇ 20 ਮਿੰਟ ‘ਤੇ ਹੋਏਗਾ

ਨਮਸ੍ਕਾਰ